ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ , ਫੇਜ਼ - 8, ਵਿੱਦਿਆ ਭਵਨ
ਫੇਜ਼ - 8, ਸਅਸ ਨਗਰ, ਪੰਜਾਬ।
ਅਮਲਾ - 1 ਸ਼ਾਖਾ

ਵੱਲ

ਸਮੂਹ ਮੰਡਲ ਸਿੱਖਿਆ ਅਫਸਰ / ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) /ਸਕੂਲ ਮੁੱਖੀ
ਪੰਜਾਬ।
ਪੱਤਰ ਨੰ :16/1-12 ਸਅ-1(1,2,7)      ਮਿਤੀ :-ਸਅਸ ਨਗਰ 01/05/2014
**ਵਿਸ਼ਾ:- ਮਾਸਟਰ ਕਾਡਰ ਤੋਂ ਮੁੱਖ ਅਧਿਆਪਕਾਂ ਦੀਆਂ ਤੱਰਕੀਆਂ ਸਬੰਧੀ ਭੇਜੇ ਕੇਸਾਂ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਦਫਤਰ ਦੇ ਪੱਤਰ ਨੰ 16/1-12 ਸਅ-1(1,2,7) ਮਿਤੀ ਸਅਸ ਨਗਰ 03-03-2014 ਰਾਹੀ ਵੱਖ ਵੱਖ ਵਿਸ਼ਿਆ ਦੇ ਮਾਸਟਰ/ਮਿਸਟ੍ਰੈਸ ਕਾਡਰਾਂ ਤੋਂ ਮੁੱਖ ਅਧਿਆਪਕਾਂ ਦੀ ਪਦ ਓਨੱਤੀ ਵਿਚਾਰਣ ਲਈ ਕੇਸ ਮੰਗੇ ਗਏ ਸਨ। ਵੱਖ ਵੱਖ ਕੈਟਾਗਰੀਆਂ ਜਿਥੋਂ ਤੱਕ ਦੇ ਮਾਸਟਰ /ਮਿਸਟ੍ਰੈਸ ਤੋਂ ਮੁੱਖ ਅਧਿਆਪਕਾਂ ਦੇ ਪਦ ਉੱਨਤੀ ਕੇਸ ਵਿਚਾਰੇ ਜਾਣੇ ਸਨ ਹੇਠਾਂ ਸੂਚੀ ਵਿੱਚ ਦਰਜ ਹਨ।

| | ਬਤੌਰ ਮਾਸਟਰ ਨਿਯੁਕਤੀ ਦਾ ਵਿਸ਼ਾ | ਸ਼ਮਾਜਿਕ ਸਿੱਖਿਆ | ਸਾਇੰਸ | ਗਣਿਤ | ਪੰਜਾਬੀ | ਹਿੰਦੀ | ਡੀ ਪੀ ਈ | ਹੋਮ ਸਾਂਇੰਸ | ਫਾਈਨ ਆਰਟਸ | ਸੰਸਕ੍ਰਿਤ | ਖੇਤੀਬਾੜੀ | ਮਿਊਜਿਕ | ਉਰਦੂ | ਬਤੌਰ ਰੈਗੂਲਰ ਮਾਸਟਰ ਨਿਯੁਕਤੀ ਦੀ ਮਿਤੀ |
|---|---|---|---|---|---|---|---|---|---|---|---|---|---|---|
| ਜਨਰਲ | ਪੁਰਸ਼ | 363 | 513ਏ | 493 | 7 | 1 | 116 | -- | --- | --- | 13 | ---- | --- | 31-12-90 |
| | ਇਸਤਰੀ | 1225 | 838 | 601 | 4 | 1 | 180 | 33 | --- | --- | ---- | 13 | --- | 31-12-90 |
| ਐਸ ਸੀ (upto) | ਪੁਰਸ਼ | 433 | 542 | 507 | 25 | 7 | 118 | -- | -- | 2 | 14 | 2 | -- | 31-12-91 |
| | ਇਸਤਰੀ | 1340 | 874 | 614 | 42 | 85 | 180 | 33 | -- | 2 | --- | 13 | -- | 31-12-91 |
| ਔਰਥੋ (upto) | ਪੁਰਸ਼ | 433 | 542 | 507 | 25 | 7 | 118 | -- | -- | 2 | 14 | 2 | -- | 31-12-91 |
| | ਇਸਤਰੀ | 1340 | 874 | 614 | 42 | 85 | 180 | 33 | -- | 2 | --- | 13 | -- | 31-12-91 |
| ਨੇਤਰ ਹੀਣ (upto) | ਪੁਰਸ਼ | 7414 | 3593 | 3086 | 2664ਏ | 1270 | 662 | --- | --- | 17 | 64 | 9 | 3 | 31-12-06 |
| | ਇਸਤਰੀ | 6793 | 3491 | 2303 | 2336 | 2320 | 437 | 50 | --- | 20 | --- | 28 | --- | 31-12-06 |
| ਹੀਰਿੰਗ ਇਮਪੀਅਰਡ (upto) | ਪੁਰਸ਼ | 7414 | 3593 | 3086 | 2664ਏ | 1270 | 662 | --- | --- | 17 | 64 | 9 | 3 | 31-12-06 |
| | ਇਸਤਰੀ | 6793 | 3491 | 2303 | 2336 | 2320 | 437 | 50 | --- | 20 | --- | 28 | --- | 31-12-06 |

ਸਮੂਹ ਜਿਲ੍ਹਿਆ ਤੋਂ ਪ੍ਰਾਪਤ ਕੇਸਾਂ ਦੀ ਲਿਸਟ **ਸਿੱਖਿਆ ਵਿਭਾਗ ਦੀ ਵੈਬ ਸਾਈਟ ssapunjab.org** ਤੇ ਪਾਈ ਜਾ ਰਹੀ ਹੈ ।

ਹਰੇਕ ਸਕੂਲ ਮੁੱਖੀ (ਸਮੇਤ ਆਪਣੇ ਅਧੀਨ ਆਉਂਦੇ ਮਿਡਲ ਸਕੂਲ ਦੇ ਡੀ.ਡੀ.ਓ) ਉਕਤ ਮਿਤੀਆਂ ਤੱਕ ਨਿਯੁਕਤ ਹੋਏ/ਉਕਤ ਵੱਖ ਵੱਖ ਮਾਸਟਰ ਕਾਡਰਾਂ ਦੇ ਸੀਨੀਆਰਤਾ ਨੰ. ਤੱਕ ਦੇ ਕਰਮਚਾਰੀਆਂ ਤੋਂ ਲੋੜੀਂਦੇ ਦਸਤਾਵੇਜ ਮੰਗਣ ਲਈ ਆਰਡਰ ਬੁੱਕ ਵਿੱਚ ਆਰਡਰ ਕੱਢਕੇ ਸਬੰਧਤ ਕਰਮਚਾਰੀਆਂ ਨੂੰ ਨੋਟ ਕਰਵਾਏਗਾ ਤਾਂ ਕਿ ਕੋਈ ਵੀ ਕਰਮਚਾਰੀ ਮਾਸਟਰ ਕਾਡਰ ਤੋਂ ਮੁੱਖ ਅਧਿਆਪਕ ਦੀ ਪਦ ਉਨੱਤੀ ਦਾ ਕੇਸ ਭੇਜਣ ਤੋਂ ਰਹਿ ਨਾ ਜਾਵੇ।ਜੇਕਰ ਕਿਸੇ ਕਾਰਨ ਕਰਕੇ ਕੇਸ ਨਾ ਭੇਜਿਆਂ ਜਾ ਸਕਦਾ ਹੋਵੇ ਤਾਂ ਨਾ ਭੇਜਣ ਦੇ ਕਾਰਨਾਂ ਬਾਰੇ ਦੱਸਦਿਆਂ ਹੋਇਆ ਸਬੰਧਤ ਕਰਮਚਾਰੀ ਦੇ ਵੇਰਵੇ ਪਹਿਲੇ ਭੇਜੇ ਪ੍ਰੋਫਾਰਮੇ (ਮਿਤੀ 03/03/2014) ਤੇ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਵਿਖੇ ਦਸਤੀ ਭੇਜੇਗਾ ਅਤੇ ਦੁਬਾਰਾ ਆਰਡਰ ਬੁੱਕ ਵਿੱਚ ਆਰਡਰ ਕੱਢਦੇ ਹੋਏ ਇਹਨਾਂ ਨਾ ਭੇਜੇ ਜਾ ਸਕਣ ਵਾਲੇ ਕੇਸਾਂ ਦੇ ਕਾਰਨ ਦੱਸਦੇ ਹੋਏ ਸਬੰਧਤ ਕਰਮਚਾਰੀ ਨੂੰ ਨੋਟ ਕਰਵਾਏਗਾ।ਜੇਕਰ ਕੋਈ ਕਰਮਚਾਰੀ ਲੰਬੀ ਛੁੱਟੀ ਤੇ ਹੈ ਜਾਂ ਵਿਦੇਸ਼ ਗਿਆ ਹੈ ਜਾਂ ਗੈਰ ਹਾਜ਼ਰ ਹੈ ਜਾਂ ਕੋਈ ਕਰਮਚਾਰੀ ਇਹ ਪਦ ਉਨੱਤੀ ਨਹੀ ਲੈਣਾ ਚਾਹੁੰਦਾ, ਇਨ੍ਹਾਂ ਦਾ ਇਦਰਾਜ ਵੀ ਆਰਡਰ ਬੁੱਕ ਵਿਚ ਕੀਤਾ ਜਾਵੇ ਅਤੇ ਉਸ ਬਾਰੇ ਵੀ ਜਾਣਕਾਰੀ ਪਹਿਲੇ ਭੇਜੇ ਪ੍ਰੋਫਾਰਮੇ (ਮਿਤੀ 03/03/2014) ਤੇ ਕਾਰਣ ਦਸਦੇ ਹੋਏ ਮਿਤੀ 05-05-2014 ਤੱਕ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਵਿਖੇ ਦਸਤੀ ਭੇਜਿਆ ਜਾਵੇ।ਉਕਤ ਸੂਚੀ ਵਿਚ ਦਰਜ ਮਿਤੀਆਂ ਤੱਕ ਜੇਕਰ ਕਿਸੇ ਕਰਮਚਾਰੀ ਦਾ ਨਾਮ ਮਿਤੀ 6-8-2013 ਨੂੰ ssapunjab.org ਦੀ ਵੈਬਸਾਈਟ ਤੇ ਪਾਈ ਸੀਨੀਆਰਤਾ ਸੂਚੀ ਵਿਚ ਨਹੀ ਹੈ ਤਾਂ ਉਸ ਕਰਮਚਾਰੀ ਦਾ ਸੀਨੀਆਰਤਾ ਦਾ ਅਲੱਗ ਕੇਸ ਬਣਾ ਕੇ ਡਾਇਰੈਕਟੋਰੇਟ ਤੋਂ ਸੀਨੀਆਰਤਾ ਨੰ. ਨਿਜੀ ਪੱਧਰ ਤੇ ਅਲਾਟ ਕਰਵਾਇਆ ਜਾਵੇ। ਕਿਸੇ ਵੀ ਕਿਸਮ ਦੀ ਅਣਗਹਿਲੀ ਹੋਣ ਤੇ ਸਬੰਧਤ ਸਕੂਲ ਮੁੱਖੀ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇਗੀ ।

ਜਿਲ੍ਹਾ ਸਿੱਖਿਆਂ ਅਫਸਰ ਅਜਿਹੇ ਸਾਰੇ ਕਰਮਚਾਰੀਆਂ ਦੀ ਸੰਕਲਿਤ (consolidated) ਰਿਪੋਰਟ ਪਹਿਲੇ ਭੇਜੇ ਪ੍ਰਫੋਰਮੇ ਵਿੱਚ ਹੀ ਭੇਜੇਗਾ, ਤਾਂ ਕਿ ਇਹ ਕਰਮਚਾਰੀ ਲੈਫਟ ਆਊਟ ਵਜੋਂ ਕਲੇਮ ਨਾ ਕਰ ਸਕਣ।ਇਸ ਸਬੰਧੀ ਜਿਲ੍ਹਾ ਸਿੱਖਿਆਂ ਅਫਸਰ(ਸੈ.ਸਿ) ਵੱਲੋਂ ਸਰਟੀਫਿਕੇਟ ਦਿੱਤਾ ਜਾਵੇ ਕਿ ਸਾਡੇ ਜਿਲ੍ਹੇ ਦੀ ਲਿਸਟ ਵਿੱਚ ਦਰਜ਼ ਨਾਵਾਂ ਤੋਂ ਇਲਾਵਾਂ ਕਿਸੇ ਵੀ ਮਾਸਟਰ/ਮਿਸਟ੍ਰੈਸ ਦਾ ਮੁੱਖ ਅਧਿਆਪਕ ਪਦ ਉਨੱਤੀ ਲਈ ਕੇਸ ਪੈਡਿੰਗ ਨਹੀ ਹੈ।

ਜੇਕਰ ਤੁਹਾਡੇ ਜਿਲ੍ਹੇ ਵਿੱਚ ਕੋਈ ਵੀ ਮਾਸਟਰ/ਮਿਸਟ੍ਰੈਸ ਜਿਸ ਦਾ ਉਕਤ ਨਿਯੁਕਤੀ ਮਿਤੀਆਂ ਅਨੁਸਾਰ ਮੁੱਖ ਅਧਿਆਪਕ ਪਦ ਉਨੱਤੀ ਕੇਸ ਬਣਦਾ ਹੈ ਪਰ ਪਹਿਲਾਂ ਨਹੀਂ ਭੇਜਿਆ ਤਾਂ ਉਸ ਦਾ ਮੁਕੰਮਲ ਕੇਸ ਮਿਤੀ 07/05/2014 ਤੱਕ ਜਿਲ੍ਹਾ ਸਿੱਖਿਆ ਅਫਸਰ ਦੇ ਮਾਸਟਰ/ਮਿਸਟ੍ਰੈਸ ਤੋਂ ਮੁੱਖ ਅਧਿਆਪਕ ਪਦ ਉਨੱਤੀ ਨਾਲ ਸਬੰਧਤ ਡੀਲਿੰਗ ਸਹਾਇਕ ਦੁਆਰਾ ਸਮੇਤ ਉਪਰੋਕਤ ਸੰਕਲਿਤ ਰਿਪੋਰਟ(ਪਹਿਲਾ ਭੇਜੇ ਪ੍ਰੋਫਾਰਮੇ ਤੇ ਹੀ) ਡਾਇਰੈਕਟੋਰੇਟ ਵਿਖੇ ਅਮਲਾ -1 ਸ਼ਾਖਾ ਵਿੱਚ ਪੁੱਜਦਾ ਕੀਤਾ ਜਾਵੇ।

ਉਪਰੋਕਤ ਨਿਰਧਾਰਿਤ ਮਿਤੀ ਤੋਂ ਬਾਅਦ ਕੋਈ ਵੀ ਕੇਸ ਲੈਫਟ ਆਊਟ ਵਜੋਂ ਵਿਚਾਰਿਆ ਨਹੀ ਜਾਵੇਗਾ। ਜੇਕਰ ਉਪਰੋਕਤ ਮਿਤੀ ਤੋਂ ਬਾਅਦ ਵੀ ਕਿਸੇ ਕਰਮਚਾਰੀ ਦਾ ਕੇਸ ਰਹਿ ਜਾਂਦਾ ਹੈ ਜਾਂ ਉਹ ਬਾਅਦ ਵਿੱਚ ਲੈਫਟ ਆਊਟ ਵਜੋਂ ਕਲੇਮ ਕਰਦਾ ਹੈ ਤਾ ਉਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੀ ਹੀ ਹੋਵੇਗੀ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ)
ਪੰਜਾਬ।

ਪਿੰਠ ਅੰਕਣ ਨੰ:-ਉਕਤ                ਮਿਤੀ :-ਉਕਤ

ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ ਯੂ.ਟੀ ਚੰਡੀਗੜ੍ਹ ਨੂੰ ਭੇਜ ਕੇ ਲਿਖਿਆਂ ਜਾਂਦਾ ਹੈ ਕਿ ਪੰਜਾਬ ਤੋਂ ਡੈਪੂਟੇਸ਼ਨ ਤੇ ਕੰਮ ਕਰਦੇ ਉਕਤ ਮਿਤੀਆ ਤੱਕ ਦੇ ਨਿਯੁਕਤ ਮਾਸਟਰ/ਮਿਸਟ੍ਰੈਸ ਦੇ ਕੇਸ ਇਸ ਦਫਤਰ ਵਿਖੇ ਸਮੇਂ ਸਿਰ ਭੇਜੇ ਜਾਣ ਤਾਂ ਕਿ ਲੈਫਟ ਆਊਟ ਵਜੋਂ ਕਿਸੇ ਕਰਮਚਾਰੀ ਦਾ ਕਲੇਮ ਨਾ ਬਣੇ। ਇਸ ਸਬੰਧੀ ਉਪਰੋਕਤ ਅਨੁਸਾਰ ਸਰਟੀਫਿਕੇਟ ਦੇਣ ਦੀ ਵੀ ਖੇਚਲ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ)
ਪੰਜਾਬ।